BC Centre for Disease Control
*An Agency of the Provincial Health Services Authority*

# Ciprofloxacin Treatment
# Ciprofloxacin (ਸਿਪਰੋਫ਼ਲੌਕਸੇਸਿਨ) ਰਾਹੀਂ ਕੀਤਾ ਜਾਣ ਵਾਲਾ ਇਲਾਜ

Ciprofloxacin ਮੂੰਹ ਰਾਹੀਂ ਖਾਧਾ ਜਾਣ ਵਾਲਾ ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਹੜਾ ਸੰਭੋਗ ਕਾਰਣ ਹੋਈਆਂ ਇਨਫ਼ੈਕਸ਼ਨਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

## Allergies
## ਐਲਰਜੀਆਂ

- ਜੇ ਤੁਹਾਨੂੰ Ciprofloxacin (ਸਿਪਰੋਫ਼ਲੌਕਸੇਸਿਨ – Cipro®), Levofloxacin (ਲੀਵੀਫ਼ਲੌਕਸੈਸਿਨ – Levaquin®), Ofloxacin (ਔਫ਼ਲੌਕਸੇਸਿਨ – Floxin®), or Moxifloxacin (ਮੌਕਸੀਫ਼ਲੌਕਸੇਸਿਨ – Avelox®) ਜਿਹੇ ਕਿਸੇ ਵੀ ਕਿਉਨੋਲੋਨ ਐਂਟੀਬਾਇਓਟਿਕ ਤੋਂ ਐਲਰਜੀ ਹੈ ਤਾਂ ਤੁਹਾਨੂੰ ਸਿਹਤ ਸੰਬੰਧੀ ਦੇਖਭਾਲ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਇਸ ਬਾਰੇ ਦੱਸੋ।

## Pregnancy/Breastfeeding
## ਗਰਭ ਅਵਸਥਾ/ਬੱਚੇ ਨੂੰ ਆਪਣਾ ਦੁੱਧ ਪਿਲਾਉਣਾ

- Ciprofloxacin ਨੂੰ ਗਰਭ ਦੌਰਾਨ **ਨਹੀਂ** ਲੈਣਾ ਚਾਹੀਦਾ।
- ਬੱਚੇ ਨੂੰ ਆਪਣਾ ਦੁੱਧ ਪਿਲਾਉਂਦੇ ਹੋਏ Ciprofloxacin ਦੀ ਵਰਤੋਂ ਸਾਵਧਾਨੀ ਨਾਲ ਕੀਤੀ ਜਾ ਸਕਦੀ ਹੈ। ਜੇ Ciprofloxacin ਲੈਂਦੇ ਹੋਏ ਤੁਸੀਂ ਬੱਚੇ ਨੂੰ ਆਪਣਾ ਦੁੱਧ ਪਿਲਾਉਣਾ ਬੰਦ ਕਰ ਦਿੰਦੇ ਹੋ ਤਾਂ ਬੱਚੇ ਨੂੰ ਦੁਬਾਰਾ ਆਪਣਾ ਦੁੱਧ ਪਿਲਾਉਣ ਦੀ ਸ਼ੁਰੂਆਤ ਦਵਾਈ ਲੈਣ ਤੋਂ 48 ਘੰਟਿਆਂ ਬਾਅਦ ਕਰੋ ਤਾਂ ਕਿ ਤੁਹਾਡੇ ਸਰੀਰ 'ਚੋਂ ਦਵਾਈ ਦਾ ਅਸਰ ਖ਼ਤਮ ਹੋਣ ਲਈ ਸਮਾਂ ਮਿਲ ਸਕੇ। ਕਿਰਪਾ ਕਰਕੇ ਆਪਣੇ ਡਾਕਟਰ ਦੀ ਸਲਾਹ ਲਓ ਜੀ।

## CAUTION
## ਸਾਵਧਾਨ

- **ਅਲੂਮਨਮ ਅਤੇ ਮੈਗਨੀਸੀਅਨ ਵਾਲੀਆਂ ਖਟਾਈ ਮਾਰ ਦਵਾਈਆਂ** (Tums®, Amphojel®, Maalox®), Didanosine (Videx®), Sucralfate (Sulcrate®), **ਕੈਲਸੀਅਮ ਦੇ ਸੰਪੂਰਕ, ਆਇਰਨ ਦੇ ਸੰਪੂਰਕ, ਆਇਰਨ ਅਤੇ ਜ਼ਿੰਕ ਵਾਲੇ ਮਲਟੀ-ਵਿਟਾਮਿਨ** ਅਤੇ Ciprofloxacin ਇੱਕੋ ਸਮੇਂ 'ਤੇ ਨਾ ਲਓ। ਇਨ੍ਹਾਂ ਪ੍ਰੋਡਕਟਸ ਨੂੰ Ciprofloxacin ਲੈਣ ਤੋਂ ਛੇ ਘੰਟੇ ਪਹਿਲਾਂ ਜਾਂ 2 ਘੰਟੇ ਬਾਅਦ ਲਓ।
- **ਦੁੱਧ ਦੇ ਉਤਪਾਦ** ਅਤੇ Ciprofloxacin ਇੱਕੋ ਸਮੇਂ 'ਤੇ ਨਾ ਲਓ। ਦੁੱਧ ਦੇ ਪਦਾਰਥ Ciprofloxacin ਲੈਣ ਤੋਂ ਦੋ ਘੰਟੇ ਪਹਿਲਾਂ ਜਾਂ ਦੋ ਘੰਟੇ ਬਾਅਦ ਲਓ।
- ਸੂਰਜ ਦੀ ਰੋਸ਼ਨੀ ਜਾਂ ਨਕਲੀ ਯੂ.ਵੀ. ਕਿਰਣਾਂ (ਸੰਨਲੈਂਪ ਜਾਂ ਟੈਨਿੰਗ ਬੈੱਡ) ਦੇ ਪ੍ਰਭਾਵ ਹੇਠ ਆਉਣ ਤੋਂ ਪਰਹੇਜ਼ ਕਰੋ। Ciprofloxacin ਤੁਹਾਡੀ ਚਮੜੀ ਨੂੰ ਜ਼ਿਆਦਾ ਨਾਜ਼ੁਕ ਬਣਾ ਸਕਦੀ ਹੈ ਜਿਸ ਦੇ ਨਤੀਜੇ ਵਜੋਂ ਸੰਨ ਬਰਨ (ਸੂਰਜ ਦੀਆਂ ਕਿਰਣਾਂ ਤੋਂ ਪੈਣ ਵਾਲਾ ਸਾੜ) ਹੋ ਸਕਦਾ ਹੈ। ਜੇ ਤੁਸੀਂ ਧੁੱਪ ਵਿੱਚ ਬਾਹਰ ਜਾਣਾ ਹੀ ਹੈ ਤਾਂ ਸੰਨਸਕ੍ਰੀਨ (ਘੱਟੋ ਘੱਟ ਐੱਸ.ਪੀ.ਐੱਫ਼. 15) ਲਗਾਓ ਅਤੇ ਚਮੜੀ ਨੂੰ ਸੁਰੱਖਿਅਤ ਰੱਖਣ ਵਾਲੇ ਕਪੜੇ ਪਹਿਨੋ।
- ਮੂੰਹ ਰਾਹੀਂ ਖਾਧੀ ਜਾਣ ਵਾਲੀ (ਲਾਈਵ) ਟਾਈਫ਼ਾਈਡ ਦੀ ਵੈਕਸੀਨ (Vivotif®) ਅਤੇ Ciprofloxacin ਦੇਣ ਵਿਚਕਾਰ 24 ਘੰਟੇ ਦਾ ਸਮਾਂ ਰੱਖੋ।

## Tell your doctor if you are taking the following medications
## ਜੇ ਤੁਸੀਂ ਹੇਠ ਲਿਖੀਆਂ ਦਵਾਈਆਂ ਲੈ ਰਹੇ ਹੋ ਤਾਂ ਆਪਣੇ ਡਾਕਟਰ ਨੂੰ ਦੱਸੋ

- **ਐਂਟੀਐਰਿਥਮਿਕ (ਦਿਲ ਦੀ ਧੜਕਣ ਅਤੇ ਰਵਾਨਗੀ ਦੇ ਵਿਗਾੜਾਂ ਵਿਰੋਧੀ) ਦਵਾਈਆਂ:** Amiodarone (Cordarone®), Bretylium, Disopyramide (Rythmodan®), Procainamide (Procan®),Propafenone (Rythmol®), Quinidine, Sotalol
- **ਐਂਟੀਕੋਐਗੂਲੈਂਟਸ (ਗਤਲਿਆਂ ਵਿਰੋਧੀ):** Warfarin (Coumadin®)
- **ਦਮਾ:** Aminophyllines (Phyllocontin®), Oxtriphylline (Choledyl®), Theophylline (Uniphyl®)
- **ਗਰਭ ਨਿਰੋਧਕ ਗੋਲ਼ੀਆਂ** Estrogens/Progestrogens **(ਐਸਟ੍ਰੋਜੈਨਜ਼/ਪ੍ਰੋਜੈਸਟੋਜੈਨ)**

## Side Effects
## ਮਾੜੇ ਪ੍ਰਭਾਵ

- ਤੁਹਾਨੂੰ ਟੱਟੀਆਂ ਲੱਗ ਸਕਦੀਆਂ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਪੀੜ ਹੋ ਸਕਦੀ ਹੈ, ਉਲਟੀਆਂ ਲੱਗ ਸਕਦੀਆਂ ਹਨ, ਸਿਰ ਪੀੜ ਹੋ ਸਕਦੀ ਹੈ, ਸੁਸਤੀ ਪੈ ਸਕਦੀ ਹੈ ਜਾਂ ਚੱਕਰ ਆ ਸਕਦੇ ਹਨ।
- ਜੇ ਤੁਹਾਡੇ ਜੋੜਾਂ ਵਿੱਚ ਸੋਜਸ਼ ਅਤੇ ਦਰਦ ਹੋ ਰਿਹਾ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ।
- ਜੇ ਤੁਹਾਡੇ ਟ੍ਰੀਟਮੈਂਟ ਤੋਂ ਬਾਅਦ ਕੋਈ ਵੀ ਪ੍ਰਤੀਕਰਮ ਹੁੰਦਾ ਹੈ (ਉਦਾਹਰਣ ਵਜੋਂ: ਛਪਾਕੀਆਂ, ਸਾਹ ਲੈਣ ਵਿੱਚ ਤਕਲੀਫ਼, ਮੂੰਹ, ਬੁੱਲ੍ਹਾਂ, ਜੀਭ ਅਤੇ ਗਲੇ ਵਿੱਚ ਸੋਜਸ਼) ਤਾਂ ਕਿਰਪਾ ਕਰਕੇ ਤੁਰੰਤ ਐਮਰਜੰਸੀ ਮੈਡੀਕਲ ਸਹਾਇਤਾ ਲਓ ਜੀ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4
Tel 604 707 5600
Fax 604 707 5604
www.bccdc.ca
www.STDResource.com
*A research and teaching centre affiliated with UBC*

# Ciprofloxacin Treatment (cont'd)
# Ciprofloxacin (ਸਿਪਰੋਫ਼ਲੌਕਸੇਸਿਨ) ਰਾਹੀਂ ਇਲਾਜ (ਚਲਦਾ)

**Instructions for Taking**
**ਦਵਾਈ ਲੈਣ ਸੰਬੰਧੀ ਹਿਦਾਇਤਾਂ**

- ਇੱਕ ਖ਼ੁਰਾਕ ਵਿੱਚ ਇੱਕੋ ਗੋਲ਼ੀ ਲਓ।
- Ciprofloxacin ਭੋਜਨ ਦੇ ਨਾਲ ਜਾਂ ਭੋਜਨ ਤੋਂ ਬਗ਼ੈਰ ਲਈ ਜਾ ਸਕਦੀ ਹੈ।
- ਦੁੱਧ ਦੇ ਉਤਪਾਦਾਂ (ਉਦਾਹਰਣ ਵਜੋਂ ਦੁੱਧ ਜਾਂ ਦਹੀਂ) ਨਾਲ ਲੈਣ ਤੋਂ ਪਰਹੇਜ਼ ਕਰੋ ਕਿਉਂਕਿ ਇਨ੍ਹਾਂ ਉਤਪਾਦਾਂ ਨਾਲ ਦਵਾਈ ਦਾ ਅਸਰ ਘਟ ਸਕਦਾ ਹੈ।
- ਪਾਣੀ ਦੇ ਪੂਰੇ ਗਿਲਾਸ (8 ਔਂਸ) ਨਾਲ ਲਓ।
- ਕੈਫ਼ੀਨ ਤੋਂ ਪਰਹੇਜ਼ ਕਰੋ ਕਿਉਂਕਿ ਕੈਫ਼ੀਨ Ciprofloxacin ਦੇ ਅਸਰ ਨੂੰ ਹੋਰ ਗਹਿਰਾ ਕਰ ਸਕਦੀ ਹੈ।

**ਰੱਖਣ ਸੰਬੰਧੀ ਹਿਦਾਇਤਾਂ**

- 15-30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਗਰਮੀ ਅਤੇ ਨਮੀ ਤੋਂ ਸੁਰੱਖਿਅਤ ਰੱਖੋ।
- ਮਿਆਦ ਖ਼ਤਮ ਹੋਣ ਦੀ ਪ੍ਰਿੰਟ ਕੀਤੀ ਹੋਈ ਤਾਰੀਖ਼ ਤੋਂ ਬਾਅਦ ਦਵਾਈਆਂ ਦੀ ਵਰਤੋਂ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

**ਵਿਸ਼ੇਸ਼ ਹਿਦਾਇਤਾਂ**

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਡੇ 1-ਦਿਨਾ ਟ੍ਰੀਟਮੈਂਟ ਨੂੰ ਇੱਕ ਹਫ਼ਤਾ ਪੂਰਾ ਨਹੀਂ ਹੋ ਜਾਂਦਾ; ਜਾਂ
  - ਤੁਹਾਡਾ 7-ਦਿਨ ਚੱਲਣ ਵਾਲਾ ਇਲਾਜ ਪੂਰਾ ਨਹੀਂ ਹੋ ਜਾਂਦਾ, ਅਤੇ
  - ਤੁਹਾਡੇ ਸੰਭੋਗ ਸਾਥੀ(ਆਂ) ਦਾ ਇਲਾਜ ਵੀ ਨਹੀਂ ਹੋ ਜਾਂਦਾ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹਪੱਖੀ ਹੀ ਹੋਣ।
- ਤੁਹਾਨੂੰ ਸਿਹਤ ਸੰਭਾਲ ਸੇਵਾ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਸੂਚਿਤ ਕਰੋ ਜੇ:
  - ਤੁਸੀਂ ਕਿਸੇ ਅਜਿਹੇ ਸਾਥੀ ਨਾਲ ਸੰਭੋਗ ਕੀਤਾ ਹੈ ਜਿਸ ਦਾ ਇਲਾਜ ਨਹੀਂ ਹੋਇਆ ਸੀ ਜਾਂ
  - ਤੁਸੀਂ ਆਪਣਾ ਜਾਂ ਆਪਣੇ ਸਾਥੀ(ਆਂ) ਦਾ ਇਲਾਜ ਪੂਰਾ ਹੋਣ ਤੋਂ ਪਹਿਲਾਂ ਸੰਭੋਗ ਕੀਤਾ ਹੈ।
- ਜੇ ਤੁਸੀਂ ਹਾਰਮੋਨਲ ਕਿਸਮ ਦਾ ਗਰਭ ਨਿਰੋਧਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਦਵਾਈਆਂ, ਰਿੰਗ ਜਾਂ ਪੈਚ) ਵਰਤ ਰਹੇ ਹੋ ਤਾਂ ਆਪਣਾ ਮੌਜੂਦਾ ਮਾਹਵਾਰੀ ਚੱਕਰ ਮੁਕੰਮਲ ਹੋਣ ਤਕ ਗਰਭ ਨਿਰੋਧਨ ਦਾ ਇੱਕ ਹੋਰ ਗ਼ੈਰ-ਹਾਰਮੋਨਲ ਤਰੀਕਾ (ਜਿਵੇਂ ਕਿ ਕੰਡੋਮ/ਡਾਇਆਫ੍ਰੈਗਮ) ਵਰਤੋ।

**Test of cure**
**ਇਲਾਜ ਦੀ ਜਾਂਚ**

- ਜੇ ਇਸ ਦੀ ਵਰਤੋਂ ਗਨੌਰੀਆ (ਸੁਜ਼ਾਕ) ਲਈ ਕੀਤੀ ਜਾਂਦੀ ਹੈ ਤਾਂ ਆਪਣਾ ਟ੍ਰੀਟਮੈਂਟ ਪੂਰਾ ਕਰਨ ਦੇ 4-6 ਹਫ਼ਤਿਆਂ ਤੋਂ ਪਹਿਲਾਂ ਅਗਲਾ ਟੈਸਟ ਨਾ ਕਰਵਾਓ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਸਥਾਨਕ ਹੈਲਥ ਯੂਨਿਟ ਨਾਲ ਸੰਪਰਕ ਕਰੋ ਜਾਂ ਹੇਠ ਲਿਖੀ ਸੰਪਰਕ ਜਾਣਕਾਰੀ ਦੇਖੋ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4
Tel 604 707 5600
Fax 604 707 5604
www.bccdc.ca
www.STDResource.com
*A research and teaching centre affiliated with UBC*